# ਦੋ ਨਾਟਕ : ਸ਼ੇਰ-ਏ-ਪੰਜਾਬ ਅਤੇ ਗਾਰਬੋ

## ਕਲਾ ਤੇ ਜ਼ਿੰਦਗੀ



**ਗੁਰਸ਼ਰਨ ਸਿੰਘ**

'ਸ਼ੇਰ-ਏ-ਪੰਜਾਬ' ਨਾਟਕ ਵਿਸ਼ਾਲ ਪੱਧਰ 'ਤੇ ਪਹਿਲੀ ਸਤੰਬਰ 2001 ਨੂੰ ਲਈਅਰ ਵੈਲੀ ਚੰਡੀਗੜ੍ਹ 'ਚ ਖੇਡਿਆ ਗਿਆ ਅਤੇ 'ਗਾਰਬੋ' 4 ਸਤੰਬਰ, 2001 ਨੂੰ ਟੈਗੋਰ ਥੀਏਟਰ ਵਿਚ ਖੇਡਿਆ ਗਿਆ।

ਮਾਰਚ 1999 ਵਿੱਚ ਜਦੋਂ ਡਾ. ਹਰਚਰਨ ਸਿੰਘ ਦੀ ਲਿਖੀ ਸਕਰਿਪਟ ਅਤੇ ਹਰਬਖਸ਼ ਲਾਟਾ ਵੱਲੋਂ ਆਵਾਜ਼, ਰੌਸ਼ਨੀ, ਵੀਡੀਓ ਅਤੇ ਮੰਚਣ ਦੀ ਤਕਨੀਕ ਵਿਚ ਨਾਟਕ 'ਬੋਲੇ ਸੋ ਨਿਹਾਲ' ਖੇਡਿਆ ਗਿਆ ਤਾਂ ਉਸ ਪ੍ਰਭਾਵਸ਼ਾਲੀ ਪੇਸ਼ਕਾਰੀ ਨੂੰ ਵੇਖ ਕੇ ਮੇਰੀ ਆਪਣੀ ਟਿੱਪਣੀ ਸੀ :

''ਇਹ ਪੇਸ਼ਕਾਰੀ ਪੰਜਾਬੀ ਨਾਟਕ ਲਈ ਨਵੇਂ ਦਿਸਹੱਦੇ ਦੀ ਸੂਚਕ ਹੈ। ਇਹ ਸੇਧ ਵੀ ਦਿੰਦੀ ਹੈ ਅਤੇ ਪ੍ਰੇਰਨਾ ਵੀ ਦਿੰਦੀ ਹੈ। ਇਹ ਪੰਜਾਬੀ ਨਾਟਕ ਦੇ ਸਫਰ ਵਿਚ ਇਕ ਮੀਲ ਪੱਥਰ ਦਾ ਦਰਜਾ ਲੈਣ ਦਾ ਹੱਕ ਰੱਖਦੀ ਹੈ।''

ਪਰ ਹੁਣ ਮੈਨੂੰ ਇਹ ਕਹਿਣ ਵਿਚ ਕੋਈ ਸੰਕੋਚ ਨਹੀਂ ਕਿ ਇਸੇ ਤਕਨੀਕ ਵਿਚ ਅਤੇ ਬੋਲੇ ਸੋ ਨਿਹਾਲ ਵਾਲੀ ਟੀਮ ਵੱਲੋਂ ਹੀ ਤਿਆਰ ਕੀਤੀ ਦੂਜੀ ਪੇਸ਼ਕਾਰੀ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਕੋਈ ਪ੍ਰਭਾਵ ਪਾਉਣ ਤੋਂ ਅਸਮਰਥ ਰਹੀ ਹੈ। ਇਹਦਾ ਵੱਡਾ ਕਾਰਨ ਇਸ ਦੀ ਕਮਜ਼ੋਰ ਸਕਰਿਪਟ ਹੈ। ਇਹ ਨਾਟਕ ਇਕ ਕਲਾ-ਕਿਰਤ ਦੀ ਥਾਂ ਇਤਿਹਾਸ ਦਾ ਇਕ ਸਕੂਲੀ ਪਾਠ ਹੋ ਨਿਬੜਿਆ ਹੈ। ਇਤਿਹਾਸ ਨੂੰ ਕਿਸੇ ਗਹਿਰਾਈ ਨਾਲ ਨਹੀਂ ਵਾਚਿਆ ਗਿਆ।

'ਬੋਲੇ ਸੋ ਨਿਹਾਲ' ਸਮੁੱਚੇ ਸਿੱਖ ਇਤਿਹਾਸ ਨੂੰ ਆਪਣੀ ਲਪੇਟ ਵਿਚ ਲਿਆਇਆ ਸੀ। ਇਹ ਸਪੱਸ਼ਟ ਹੈ ਕਿ ਇਹ ਇਤਿਹਾਸ ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਇਤਿਹਾਸ ਤੋਂ ਵੱਧ ਸ਼ਕਤੀਸ਼ਾਲੀ ਅਤੇ ਪ੍ਰੇਰਨਾ ਵਾਲਾ ਸੀ ਪਰ ਉਹਦੀ ਇਕ ਸੀਮਾ ਇਹ ਸੀ ਕਿ ਨਾਇਕ ਮੰਚ 'ਤੇ ਜੀਂਦਾ ਜਾਗਦਾ ਨਹੀਂ ਲਿਆਇਆ ਜਾ ਸਕਦਾ ਸੀ। ਮਹਾਰਾਜਾ ਰਣਜੀਤ ਸਿੰਘ ਵੇਲੇ ਇਹ ਮਜਬੂਰੀ ਨਹੀਂ। ਨਾਟਕ ਦਾ ਨਾਇਕ ਮਹਾਰਾਜਾ ਰਣਜੀਤ ਸਿੰਘ ਮੰਚ 'ਤੇ ਪੇਸ਼ ਕੀਤਾ ਗਿਆ। ਉਹਦੀ ਹਾਜ਼ਰੀ ਨਾਟਕ ਨੂੰ ਗਤੀ ਅਤੇ ਸ਼ਕਤੀ ਦੇਣ ਵਿਚ ਸਹਾਈ ਹੋ ਸਕਦੀ ਸੀ ਪਰ, ਇਸ ਸੰਭਾਵਨਾ ਨੂੰ ਸਕਰਿਪਟ ਵਿਚ ਕੋਈ ਵੀ ਨਾਟਕੀ ਟੱਕਰ ਉਭਾਰਨ ਲਈ ਨਹੀਂ ਵਰਤਿਆ ਗਿਆ। ਆਮ ਜਿਹੀ ਪੱਧਰ 'ਤੇ ਸਾਰੀ ਕਥਾ ਚਲਦੀ ਹੈ। ਨਾਟਕ ਦੀ ਪੇਸ਼ਕਾਰੀ ਨੂੰ ਸਲਾਹੁੰਦੇ ਹੋਏ ਕੁਝ ਤਰੁੱਟੀਆਂ ਵੱਲ ਧਿਆਨ ਦਿਵਾਇਆ ਜਾ ਰਿਹਾ ਹੈ, ਤਾਂ ਜੋ ਆਉਣ ਵਾਲੀਆਂ ਪੇਸ਼ਕਾਰੀਆਂ ਵਿਚ, ਸਹਿਜੇ ਹੀ ਦੂਰ ਕੀਤੀਆਂ ਜਾ ਸਕਦੀਆਂ ਹਨ।

0 ਕਥਾਵਾਚਕ ਦੀ ਆਵਾਜ਼ ਹੋਰ ਪ੍ਰਭਾਵਸ਼ਾਲੀ ਬਣਾਉਣ ਦੀ ਗੁੰਜਾਇਸ਼ ਹੈ। ਇਸ ਗੱਲ ਤੋਂ ਮੁਨਕਰ ਨਹੀਂ ਹੋਣਾ ਚਾਹੀਦਾ ਕਿ ਇਸ ਦਾ ਸਮੁੱਚੇ ਨਾਟਕ ਦੀ ਕਥਾ 'ਤੇ ਬੜਾ ਅਸਰ ਪੈਂਦਾ ਹੈ। ਟੀ.ਵੀ. ਤੋਂ ਆਂਦੇ ਸੀਰੀਅਲ 'ਭਾਰਤ ਇਕ ਖੋਜ' ਵਿਚ ਓਮਪੁਰੀ ਦੀ ਆਵਾਜ਼ ਦਾ ਅਤੇ ਸ਼ਬਦਾਂ ਦੀ ਅਦਾਇਗੀ ਦਾ ਆਪਣਾ ਇਕ ਜਾਦੂ ਹੈ। ਓਮਪੁਰੀ ਦਾ ਮੁਕਾਬਲਾ ਤਾਂ ਨਹੀਂ ਕੀਤਾ ਜਾ ਸਕਦਾ ਪਰ ਪੰਜਾਬ ਦੇ ਥੀਏਟਰ ਖੇਤਰ ਵਿਚ ਕਲਾਕਾਰ ਜ਼ਰੂਰ ਮੌਜੂਦ ਹਨ ਜੋ ਲੋੜੀਂਦਾ ਪ੍ਰਭਾਵ ਪਾਉਣ ਦੀ ਯੋਗਤਾ ਰਖਦੇ ਹਨ। ਨਾਟਕ ਦੇ ਸ਼ੁਰੂ ਵਿਚ ਜਿਹੜੀ ਆਵਾਜ਼ ਮਾਈਕ 'ਤੇ ਸੀ ਉਹ ਪ੍ਰਭਾਵਸ਼ਾਲੀ ਸੀ ਪਰ ਰਿਕਾਰਡ ਕੀਤੀ ਕਥਾਵਾਚਕ ਦੀ ਆਵਾਜ ਵਿਚ ਉਹ ਦਮ ਨਹੀਂ ਸੀ।

0 ਮਹਾਰਾਜਾ ਰਣਜੀਤ ਸਿੰਘ ਦੇ ਕਾਲ ਦੀਆਂ ਫੋਟੋਆਂ ਭਾਵੇਂ ਨਾ ਹੋਣ ਪਰ ਫੋਟੋ ਵਰਗੇ ਚਿੱਤਰ ਜ਼ਰੂਰ ਮਿਲਦੇ ਹਨ। ਇਕ ਚਿੱਤਰ ਵੱਡੇ ਗਏ ਬਰੋਸ਼ਰ 'ਤੇ ਵੀ ਮਿਲਦਾ ਹੈ ਪਰ ਉਹ ਕਲਾਕਾਰ ਜਿਹੜਾ ਰਣਜੀਤ ਸਿੰਘ ਬਣਿਆ, ਹਿੰਦੀ ਮੇਕਅਪ ਮੰਗ ਕਰਦੀ ਸੀ ਕਿ ਉਹਦਾ ਉਹ ਪ੍ਰਭਾਵ ਬਣੇ ਜਿਹੜਾ ਰਣਜੀਤ ਸਿੰਘ ਦੀ ਸ਼ਖਸੀਅਤ ਦਾ ਸੀ। ਇਹ ਦਰਸ਼ਕਾਂ ਨਾਲ ਜੁੜਨ ਲਈ ਜ਼ਰੂਰੀ ਸੀ। ਇਹ ਪ੍ਰਭਾਵ ਨਹੀਂ ਬਣਿਆ। ਉਂਜ ਵੀ ਮਹਾਰਾਜਾ ਰਣਜੀਤ ਸਿੰਘ ਬਣੇ ਕਲਾਕਾਰ ਅਤੇ ਹੋਰ ਵੀ ਕੁਝ ਕਲਾਕਾਰਾਂ ਦੀ ਸ਼ਰੀਰਕ ਬਣਤਰ ਵਿਚ ਲੋੜੀਂਦੀ ਚੁਸਤੀ ਵਾਲੀ ਝਲਕ ਨਹੀਂ ਮਿਲਦੀ ਸੀ। ਸਰੀਰ ਭਾਰੇ ਭਾਰੇ ਸਨ। ਸ਼ਾਇਦ ਉਮਰ ਦਾ ਤਕਾਜ਼ਾ ਸੀ। ਰਣਜੀਤ ਸਿੰਘ ਨੂੰ ਮੰਚ 'ਤੇ ਵੇਖਣ ਬਾਅਦ ਅੱਖਾਂ ਦੀ ਤ੍ਰਿਪਤੀ ਪੂਰੀ ਨਹੀਂ ਸੀ ਹੋਈ।

0 ਸਰਦਾਰਨੀ ਸਦਾ ਕੌਰ ਰਣਜੀਤ ਸਿੰਘ ਦੀ ਸੱਸ ਹੋਣ ਦਾ ਪ੍ਰਭਾਵ ਨਹੀਂ ਦਿੰਦੀ ਸੀ। ਉਹਦੇ ਸਿਰ ਦਾ ਪਟਕਾ ਇਕ ਭੁਜੰਗੀ ਮੁੰਡੇ ਦਾ ਪ੍ਰਭਾਵ ਦਿੰਦਾ ਸੀ। ਮੋਢਿਆਂ 'ਤੇ ਭਾਰਾ ਦੁਸ਼ਾਲਾ ਸਰਦਾਰਨੀ ਦੇ ਪ੍ਰਭਾਵ ਲਈ ਲੋੜੀਂਦਾ ਸੀ।

0 ਕੋਹਿਨੂਰ ਹੀਰੇ ਵਾਲੀ ਘਟਨਾ ਅਨਾਟਕੀ ਢੰਗ ਨਾਲ ਹੀ ਪੇਸ਼ ਕੀਤੀ ਗਈ ਹੈ। ਕੋਹਿਨੂਰ, ਮਹਾਰਾਜਾ ਰਣਜੀਤ ਸਿੰਘ ਦੇ ਇਤਿਹਾਸ ਵਿਚ ਪਹਿਲੇ ਅਫਗਾਨਾਂ ਅਤੇ ਫੇਰ ਅੰਗਰੇਜ਼ਾਂ ਨਾਲ ਸਬੰਧਾਂ ਵਿਚ ਇਕ ਇਤਿਹਾਸਕ ਥਾਂ ਰਖਦਾ ਹੈ। ਇਹ ਦਰਸ਼ਕਾਂ ਨੂੰ ਪ੍ਰਭਾਵਿਤ ਨਹੀਂ ਕਰ ਸਕਿਆ, ਬੱਸ ਲੰਘ ਹੀ ਗਿਆ। ਰਾਜਿਆਂ-ਮਹਾਰਾਜਿਆਂ, ਸ਼ਾਹਾਂ ਅਤੇ ਨਵਾਬਾਂ ਦੀ ਸੋਚਣੀ ਉਤੇ ਹੀਰੇ ਜਵਾਹਾਰਾਤ ਕੀ ਫਰਕ ਪਾਉਂਦੇ ਹਨ, ਇਕ ਨਾਟਕੀ ਸਮੱਗਰੀ ਮੁਹੱਈਆ ਕਰਦੇ ਹਨ। ਇਹ ਸਕਰਿਪਟ ਵਿਚ ਸ਼ਾਮਲ ਕੀਤਾ ਜਾ ਸਕਦਾ ਹੈ।

0 'ਬੋਲੇ ਸੋ ਨਿਹਾਲ' ਵਿਚ ਢਾਡੀਆਂ ਦੀ ਗਾਇਕੀ ਵੀ ਅਤੇ 'ਗੈਟਅਪ' ਬੜੀ ਪ੍ਰਭਾਵਸ਼ਾਲੀ ਸੀ। ਇਸ ਨਾਟਕ ਵਿਚ ਸਟੇਜ ਦੀ ਖਬਰ ਨੁੱਕਰੇ ਨਹੀਂ ਉਨ੍ਹਾਂ ਦੀ ਗਾਇਕੀ ਅਤੇ ਨਾ ਹੀ ਪੋਸ਼ਾਕ ਕੋਈ ਪ੍ਰਭਾਵ ਪਾਉਂਦੀ ਸੀ। ਲਗਦਾ ਸੀ ਕਿ ਉਨ੍ਹਾਂ ਨੂੰ ਫੂਕੀ ਹੀ ਲਾ ਦਿੱਤਾ ਗਿਆ ਹੈ। ਸਮੁੱਚੀ ਕਥਾ ਨੂੰ ਅੱਗੇ ਲਿਜਾਣ ਵਾਸਤੇ ਉਨ੍ਹਾਂ ਦੀ ਸੰਭਾਵਤ ਵਰਤੋਂ ਨਹੀਂ ਕੀਤੀ ਗਈ। ਇਸ ਦੇ ਉਲਟ ਵਧਾਈਆਂ ਵਾਲੇ ਗੀਤਾਂ, ਕਵਾਲੀ, ਆਦਿਕ ਤੇ ਲੋੜ ਤੋਂ ਵੱਧ ਸਮਾਂ ਦਿੱਤਾ ਗਿਆ।

0 ਕਥਾ ਨੂੰ ਬੱਧਿਆਂ ਵਾਲੇ ਟੋਟਕਿਆਂ ਤਕ ਮਹਿਦੂਦ ਰੱਖਣ ਦੀ ਥਾਂ ਇਤਿਹਾਸਕ ਤੱਥਾਂ ਨੂੰ ਉਘੇੜਣ ਲਈ ਵਰਤਣਾ ਚਾਹੀਦਾ ਹੈ। ਬੜੇ ਸੰਚਾਲਕ ਦੀਆਂ ਲਿਖਤਾਂ ਮਿਲਦੀਆਂ ਹਨ, ਜੋ ਰਣਜੀਤ ਸਿੰਘ ਦੀਆਂ ਪ੍ਰਾਪਤੀਆਂ ਅਤੇ ਅਪ੍ਰਾਪਤੀਆਂ ਦਾ ਵਿਸ਼ਲੇਸ਼ਣ ਕਰਦੀਆਂ ਹਨ। ਸਿਰਫ ਸਿੱਖ ਸਾਮਵਾਦੀ ਸੋਚ ਉਤੇ ਹੀ ਨਾ ਜ਼ੋਰ ਰਖਿਆ ਜਾਏ।

ਏਨਾ ਸਾਰਾ ਕੁਝ ਲਿਖਣ ਦਾ ਮੇਰਾ ਇਹ ਮੰਤਵ ਹੈ ਕਿ ਇਹ ਪੇਸ਼ਕਾਰੀ ਪੰਜਾਬੀ ਨਾਟਕ ਦੀ ਇਕ ਮਹੱਤਵਪੂਰਨ ਪੇਸ਼ਕਾਰੀ ਹੈ। ਇਹ ਰਿਕਾਰਡਿਡ ਸਮੱਗਰੀ ਨੂੰ ਵਰਤਦਾ ਹੈ। ਇਸ ਲਈ ਇਹਦੇ ਵਿਚ ਬੰਦਗੀ ਕਰਨ ਦੀ ਬੜੀ ਗੁੰਜਾਇਸ਼ ਹੈ। ਉਹ ਕੀਤੀ ਜਾਣੀ ਚਾਹੀਦੀ ਹੈ।

ਦੂਸਰਾ ਨਾਟਕ ਜਿਸ ਦਾ ਜ਼ਿਕਰ ਨਾਟਕ, ਸਰਗਰਮੀਆਂ ਵਿਚ ਕੀਤਾ ਜਾ ਰਿਹਾ ਹੈ, ਉਹ ਅਭੀਨੇਤ ਵੱਲੋਂ ਪੇਸ਼ ਕੀਤਾ ਨਾਟਕ 'ਗਾਰਬੋ' ਹੈ। ਅਭੀਨੇਤ ਚੰਡੀਗੜ੍ਹ ਵਿਚ ਸੰਜੀਦਾ ਸਾਹਿਤਕ ਨਾਟਕ ਕਰਨ ਲਈ ਜਾਣਿਆ ਜਾਂਦਾ ਗਰੁੱਪ ਹੈ। 1974 ਤੋਂ ਕਾਇਮ ਹੋਏ ਇਸ ਗਰੁੱਪ ਦੀ ਵਿਸ਼ੇਸ਼ਤਾ ਹੈ ਕਿ ਇਸ ਨੇ ਹਿੰਦੀ ਮੌਲਿਕ ਨਾਟਕ ਅਤੇ ਹੋਰਨਾਂ ਜ਼ਬਾਨਾਂ ਤੋਂ ਅਨੁਵਾਦ ਕੀਤੇ ਹਿੰਦੀ ਨਾਟਕ ਬੜੀ ਸਫਲਤਾ ਨਾਲ ਖੇਡੇ ਹਨ। ਉਨ੍ਹਾਂ ਦੀ ਇਸ ਹਫਤੇ ਹੋਈ ਪੇਸ਼ਕਾਰੀ 'ਗਾਰਬੋ' ਮਹੇਸ਼ ਐਲਕੁੰਚਵਾਰ ਦੇ ਗੁਜਰਾਤੀ ਨਾਟਕ ਦਾ ਹਿੰਦੀ ਰੂਪ ਹੈ। ਇਸ਼ ਨਾਟਕ ਦੀ ਪੇਸ਼ਕਾਰੀ ਦੇ ਨਾਲ ਚੰਡੀਗੜ੍ਹ ਥੀਏਟਰ ਦੇ ਜਾਣੇ-ਪਹਿਚਾਣੇ ਨਾਂ ਹਰੀਸ਼ ਭਾਟੀਆ, ਕਮਲ ਅਰੋੜਾ, ਅਤੁਲਵੀਰ ਆਦਿਕ ਜੁੜੇ ਹੋਏ ਹਨ। ਉਮੀਦ ਅਨੁਸਾਰ ਇਹ ਪੇਸ਼ਕਾਰੀ ਇਕ ਉਚ ਪੱਧਰ ਦੀ ਪੇਸ਼ਕਾਰੀ ਸੀ ਪਰ ਪ੍ਰਸ਼ਨਚਿੰਨ੍ਹ ਨਾਟਕ ਦੀ ਚੋਣ ਤੋਂ ਲਗਦਾ ਹੈ।

ਇਹ ਤਿੰਨ ਮਰਦਾਂ ਅਤੇ ਇਕ ਔਰਤ 'ਗਾਰਬੋ' ਦੀ ਕਹਾਣੀ ਹੈ। ਤਿੰਨ ਮਰਦ ਇਕ ਘਰ 'ਚ ਰਹਿੰਦੇ ਹਨ ਤੇ ਇਕ ਖੁੱਲ੍ਹੇ-ਡੁੱਲ੍ਹੇ ਕਿਰਦਾਰ ਦੀ ਮਾਲਕ ਇਕ ਐਕਟਰਸ ਕੁੜੀ ਗਾਰਬੋ ਵੀ ਉਨ੍ਹਾਂ ਦੀ ਜ਼ਿੰਦਗੀ ਦਾ ਇਕ ਹਿੱਸਾ ਹੈ। ਨਾਟਕ ਦੀ ਕਥਾ ਦੱਸਦੀ ਹੈ ਕਿ ਇਹ ਤਿੰਨੇ, ਮਰਦ ਆਪਣੀ ਆਪਣੀ ਕਿਸਮ ਦੇ ਉਲਾਰ ਕਿਰਦਾਰਾਂ ਦੇ ਮਾਲਕ ਹਨ। ਜ਼ਿੰਦਗੀ ਦੀਆਂ ਬਹੁਤ ਸਾਰੀਆਂ ਸਚਾਈਆਂ ਨੂੰ ਉਹ ਉਲਾਰ ਨਜ਼ਰ ਨਾਲ ਹੀ ਵੇਖਦੇ ਹਨ। ਗਾਰਬੋ ਜੋ ਤਿੰਨਾਂ ਦੀ ਸਾਂਝੀ ਪ੍ਰੇਮਿਕਾ/ ਦੋਸਤ/ ਮਜ਼ਦਾਰ ਹੈ, ਉਸ ਦੇ ਬਾਰੇ ਵੀ ਉਨ੍ਹਾਂ ਦੇ ਆਪਣੇ ਆਪਣੇ ਖਿਆਲ ਹਨ। ਕਈ ਪੱਧਰਾਂ 'ਤੇ ਨਾਟਕ ਚਲਦਾ ਹੈ। ਗਾਰਬੋ ਦੇ ਗਰਭ ਵਿਚ ਬੱਚਾ ਹੈ। ਉਹ ਬੱਚਾ ਕਿਸ ਦਾ ਹੈ? ਉਨ੍ਹਾਂ ਦੀ ਅਕੇਵੇਂ ਭਰੀ ਜ਼ਿੰਦਗੀ ਵਿਚ ਇਹ ਸਵਾਲ ਵੀ ਆਪਣੇ ਆਪ ਵਿਚ ਇਕ ਦਿਲਚਸਪ ਘਟਨਾ ਹੈ। ਵਿਚਾਰ ਕਰਕੇ ਉਹ ਤਿੰਨੇ ਹੀ ਉਸ ਨੂੰ ਆਪਣਾਉਣ ਬਾਰੇ ਫੈਸਲਾ ਲੈਂਦੇ ਹਨ ਕਿਉਂਕਿ ਇਹਦੇ ਨਾਲ ਉਨ੍ਹਾਂ ਦੀਆਂ ਆਪਣੀਆਂ ਕਮਜ਼ੋਰੀਆਂ 'ਤੇ ਪਰਦਾ ਪੈਂਦਾ ਹੈ ਅਤੇ ਉਨ੍ਹਾਂ ਦੀਆਂ ਅਸਮਰਥਾਵਾਂ ਲੁਕਦੀਆਂ ਹਨ। ਗਾਰਬੋ ਦੀ ਕੁੱਖ ਭਰਦੀ ਹੈ, ਫੇਰ ਖਾਲੀ ਹੁੰਦੀ ਹੈ, ਉਸ ਦੇ ਪ੍ਰਤੀਕਰਮ ਵੀ ਉਲਾਰ ਸੋਚਣੀ ਦੀ ਦੇਣ ਹਨ। ਸਮਲਿੰਗੀ ਰਿਸ਼ਤੇ ਵੀ ਪਤਾ ਲਗਦੇ ਹਨ।

ਨਾਟਕ ਦੇ ਸੰਵਾਦਾਂ ਵਿਚ ਜ਼ਿੰਦਗੀ ਦੀਆਂ ਕੁਝ ਸੱਚਾਈਆਂ ਸਾਹਮਣੇ ਆਉਂਦੀਆਂ ਹਨ ਪਰ ਇਨ੍ਹਾਂ ਦਾ ਸਾਰਾ ਵਿਸ਼ਲੇਸ਼ਣ ਦੇਹ ਤ੍ਰਿਪਤੀ ਦੇ ਆਲੇ ਦੁਆਲੇ ਹੀ ਘੁੰਮਦਾ ਹੈ। ਨਾਟਕ ਦਾ ਅੰਤ ਉਨ੍ਹਾਂ ਇਕ ਮਰਦ ਦੇ ਹਥੋਂ ਗਾਰਬੋ ਦਾ ਮਾਰਿਆ ਜਾਣਾ ਹੈ। ਸੰਕੇਤ ਹੈ ਕਿ ਇਨ੍ਹਾਂ ਮਸਲਿਆਂ ਦਾ ਹੱਲ ਮੌਤ ਤੋਂ ਸਿਵਾ ਕੁਝ ਨਹੀਂ। ਇਹੀ ਜ਼ਿੰਦਗੀ ਦਾ ਰਹੱਸ ਹੈ।

ਨਾਟਕ ਨੂੰ ਵੇਖ ਕੇ ਇਹੀ ਸੁਨੇਹਾ ਮਿਲਦਾ ਹੈ ਕਿ ਜ਼ਿੰਦਗੀ ਦਾ ਸਾਰਾ ਵਰਤਾਰਾ ਦੇਹ ਤ੍ਰਿਸ਼ਨਾ ਦੇ ਆਲੇ ਦੁਆਲੇ ਹੀ ਘੁੰਮਦਾ ਹੈ। ਸਮਾਜਿਕ ਤਰੁੱਟੀਆਂ ਜਿਹੜੀਆਂ ਸਮਾਜਕ ਨਾਬਰਾਬਰੀ ਦੀ ਦੇਣ ਹਨ, ਉਹ ਐਵੇਂ ਦੂਜਾ ਦਰਜਾ ਰੱਖਦੀਆਂ ਹਨ। ਸਾਹਿਤ ਅਤੇ ਕਲਾ 'ਚ ਇਸ ਰੁਝਾਨ ਬਾਰੇ ਫਿਕਰ ਹੋਣਾ ਜ਼ਰੂਰੀ ਹੈ। ਬਹੁਤ ਵਾਰੀ ਇਹ ਪ੍ਰਭਾਵ ਸਾਹਮਣੇ ਆਉਣਾ ਸ਼ੁਰੂ ਹੋ ਜਾਂਦਾ ਹੈ ਕਿ ਸਾਹਿਤਕਾਰ ਅਤੇ ਨਾਟਕਕਾਰ ਚੇਤੰਨ ਹੋ ਕੇ ਸਮਾਜਿਕ ਮਸਲਿਆਂ ਤੋਂ ਪਾਸਾ ਵੱਟ ਰਹੇ ਹਨ। ਦੇਹ ਤ੍ਰਿਸ਼ਨਾ ਦੀ ਗੱਲ ਕਰਕੇ ਹੀ ਆਪਣੀ ਜ਼ਿੰਮੇਵਾਰੀ ਤੋਂ ਸੁਰਖਰੂ ਹੋ ਜਾਂਦੇ ਹਨ। ਗਾਰਬੋ ਦੇ ਵਾਰਤਾਲਾਪ ਵੀ ਅਸ਼ਲੀਲਤਾ ਦੀ ਹੱਦ ਨੂੰ ਪਾਰ ਕਰਦੇ ਹਨ। ਇਹਨੂੰ ਬੇਬਾਕੀ ਦਾ ਨਾਂ ਦੇ ਕੇ ਆਧੁਨਿਕ ਥੀਏਟਰ ਦੀ ਮਹਾਨਤਾ ਦੱਸੀ ਜਾਂਦੀ ਹੈ। ਉਂਝ ਸਾਫ ਹੈ ਕਿ ਇਹ ਚਰਚਾ ਦੀ ਖਾਤਿਰ ਮਾਅਰਕੇਬਾਜ਼ੀ ਤੋਂ ਸਿਵਾ ਕੁਝ ਨਹੀਂ। ਗਾਰਬੋ 'ਚ ਇਸ ਰੁਝਾਨ ਦਾ ਨੋਟਿਸ ਲੈਣਾ ਅਤੇ ਚੰਗੇ ਨਾਟਕ ਦੇ ਸੰਦਰਭ ਵਿਚ ਇਸ ਨੂੰ ਰੱਦ ਕਰਨਾ ਜ਼ਰੂਰੀ ਹੈ।

ਇਕ ਤੱਥ ਸਪੱਸ਼ਟ ਹੈ ਕਿ ਹੁਣ ਮਹਾਂ ਨਗਰ ਦੇ ਥੀਏਟਰ ਵਿਚ ਅਤੇ ਪੇਂਡੂ ਥੀਏਟਰ ਵਿਚ ਲਕੀਰ ਖਿੱਚ ਕੇ ਵਿੱਥ ਪੈ ਰਹੀ ਹੈ। ਕਿੱਧਰ ਜਾਣਾ ਹੈ, ਇਹਦਾ ਫੈਸਲਾ ਲੈਣਾ ਜ਼ਰੂਰੀ ਹੈ।